# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 17-05-2024**

ਉੱਤਰਾਖੰਡ ਦੇ ਮੁੱਖ ਸਕੱਤਰ ਰਾਧਾ ਰਤੂਰੀ ਨੇ ਕਿਹਾ ਏ ਕਿ ਸੂਬੇ ਵਿੱਚ ਸ਼ਰਧਾਲੂ ਬਿਨਾ ਰਜਿਸਟ੍ਰੇਸ਼ਨ ਚਾਰਧਾਮ ਯਾਤਰਾ ਨਹੀਂ ਕਰ ਸਕਦੇ ਨੇ। ਉਨਾਂ ਕਿਹਾ ਕਿ ਨਾਕਿਆਂ ਤੇ ਹੋਰ ਥਾਵਾਂ 'ਤੇ ਸਖ਼ਤ ਚੈਕਿੰਗ ਕੀਤੀ ਜਾਵੇਗੀ ਅਤੇ ਰਜਿਸਟ੍ਰੇਸ਼ਨ ਤੋਂ ਬਿਨਾਂ ਸਵਾਰੀਆਂ ਨੂੰ ਯਾਤਰਾ ਲਈ ਅੱਗੇ ਨਹੀਂ ਜਾਣ ਦਿੱਤਾ ਜਾਵੇਗਾ। ਰਾਧਾ ਰਤੂਰੀ ਨੇ ਕਿਹਾ ਕਿ ਚਾਰ ਧਾਮ ਯਾਤਰਾ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਬਾਰੇ ਆਪੋ-ਆਪਣੇ ਸੂਬਿਆਂ ਦੇ ਸ਼ਰਧਾਲੂਆਂ ਨੂੰ ਜਾਗਰੂਕ ਕਰਨ ਲਈ ਸਾਰੇ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਲਿਖਿਆ ਗਿਆ ਏ।

---------------------------------------------------------------

ਪੰਜਾਬ ਵਿੱਚ ਲੋਕ ਸਭਾ ਚੋਣਾਂ ਲਈ ਦਾਖ਼ਲ ਨਾਮਜ਼ਦਗੀ ਪੱਤਰ ਅੱਜ ਸ਼ਾਮ ਤਿੰਨ ਵਜੇ ਤੱਕ ਵਾਪਸ ਲਏ ਜਾ ਸਕਣਗੇ। ਇਹ ਸਮਾਂ ਖਤਮ ਹੋਣ

ਮਗਰੋਂ ਉਮੀਦਵਾਰਾਂ ਦੀ ਪੂਰੀ ਸਥਿਤੀ ਸਾਹਮਣੇ ਆ ਜਾਵੇਗੀ । ਬੀਤੇ ਕਲ ਸੂਬੇ ਵਿਚ ਕੁਲ 6 ਨਾਮਜ਼ਦਗੀ ਪੱਤਰ ਵਾਪਸ ਲਏ ਗਏ ਸਨ । ਪੜਤਾਲ ਤੋਂ ਬਾਅਦ ਸਾਰੇ ਹੀ 13 ਹਲਕਿਆਂ ਵਿੱਚ 355 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ ਸਨ । ਇਨਾਂ ਵਿਚ ਆਜ਼ਾਦ ਉਮੀਦਵਾਰਾਂ ਦੀ ਗਿਣਤੀ 186 ਏ । ਸਨ 1952 ਤੋਂ ਹੁਣ ਤਕ ਹੋਇਆਂ ਲੋਕਸਭਾ ਚੋਣਾਂ ਵਿਚ ਇਹ ਪਹਿਲਾ ਮੌਕਾ ਏ ਜਦੋਂ ਸੂਬੇ ਵਿਚ ਇਨੀਂ ਵੱਡੀ ਗਿਣਤੀ ਵਿਚ ਆਜ਼ਾਦ ਉਮੀਦਵਾਰ ਚੋਣ ਮੈਦਾਨ ਵਿਚ ਨਿਤਰੇ ਨੇ । ਸਾਲ 2019 ਦੀਆਂ ਚੋਣਾਂ ਵਿਚ ਆਜ਼ਾਦ ਉਮੀਦਵਾਰਾਂ ਦੀ ਇਹ ਗਿਣਤੀ 123 ਅਤੇ ਸਾਲ 2014 ਵਿਚ 118 ਸੀ ।

---------------------------------------------------------

ਭਾਰਤੀ ਸੂਚਨਾ ਸੇਵਾ ਦੇ ਸੀਨੀਅਰ ਅਧਿਕਾਰੀ ਮੌਸ਼ੂਮੀ ਚੱਕਰਵਰਤੀ ਨੇ ਆਕਾਸ਼ਵਾਣੀ ਦੇ ਡਾਇਰੈਕਟਰ ਜਨਰਲ ਦਾ ਅਹੁਦਾ ਸੰਭਾਲ ਲਿਆ ਏ । ਸਨ 1991 ਬੈਚ ਦੀ IIS ਅਧਿਕਾਰੀ ਸ਼੍ਰੀਮਤੀ ਚੱਕਰਵਰਤੀ ਕੋਲ ਪ੍ਰੈਸ ਸੂਚਨਾ ਬਿਊਰੋ ਤੇ ਕੇਂਦਰੀ ਸੰਚਾਰ ਬਿਊਰੋ ਸਮੇਤ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਕਈ ਮੀਡੀਆ ਸੰਗਠਨਾਂ ਵਿੱਚ ਕੰਮ ਕਰਨ ਦਾ ਵਿਸ਼ਾਲ

ਤਜਰਬਾ ਏ। ਤਿੰਨ ਦਹਾਕਿਆਂ ਤੋਂ ਵੱਧ ਲੰਬੇ ਆਪਣੇ ਕਰੀਅਰ ਵਿੱਚ ਮੌਸ਼ੂਮੀ ਚੱਕਰਵਰਤੀ ਨੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਡੈਪੂਟੇਸ਼ਨ ਦੇ ਅਧਾਰ 'ਤੇ ਅਤੇ ਕੈਬਨਿਟ ਮੰਤਰੀ ਲਈ ਪੀ.ਐਸ ਵਜੋਂ ਵੀ ਕੰਮ ਕੀਤਾ ਏ।

------------------------------------------------

ਸਿੱਖਿਆ ਵਿਭਾਗ ਨੇ ਫੈਸਲਾ ਲਿਆ ਏ ਕਿ ਸੂਬੇ ਦੇ ਸਾਰੇ ਸਰਕਾਰੀ, ਪ੍ਰਾਈਵੇਟ, ਅਰਧ-ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਗਰਮੀ ਦੀਆਂ ਛੁੱਟੀਆਂ ਪਹਿਲੀ ਜੂਨ ਤੋਂ ਹੋਣਗੀਆਂ। ਸਕੂਲ 30 ਜੂਨ ਤੱਕ ਬੰਦ ਰਹਿਣਗੇ। ਸਕੂਲ ਸਿੱਖਿਆ ਮਹਿਕਮੇ ਦੇ ਸਕੱਤਰ ਕਮਲ ਕਿਸ਼ੋਰ ਯਾਦਵ ਵੱਲੋਂ ਇਸ ਸਬੰਧੀ ਅੱਜ ਇੱਕ ਪੱਤਰ ਜਾਰੀ ਕੀਤਾ ਗਿਆ ਏ। ਉਧਰ ਅਧਿਆਪਕ ਜਥੇਬੰਦੀਆਂ ਦਾ ਕਹਿਣਾ ਏ ਕਿ ਭਾਰੀ ਗਰਮੀ ਨੂੰ ਵੇਖਦਿਆਂ ਸਰਕਾਰ ਨੂੰ ਆਪਣੇ ਫੈਸਲੇ ਤੇ ਨਜ਼ਰਸਾਨੀ ਕਰਨੀ ਚਾਹੀਦੀ ਏ ਅਤੇ ਇਹ ਛੁੱਟੀਆਂ ਮਈ ਦੇ ਤੀਜੇ ਹਫ਼ਤੇ ਤੋਂ ਕਰਨ ਦੀ ਜਰੂਰਤ ਏ। ਈਟੀਟੀ ਅਧਿਆਪਕ ਯੂਨੀਅਨ ਦੇ ਆਗੂ ਹਰਦੀਪ ਸਿੰਘ ਸਿੱਧੂ ਨੇ ਮੰਗ ਕੀਤੀ ਕਿ ਦੁਪਹਿਰ ਸਮੇਂ ਪਾਰਾ 44 ਡਿਗਰੀ ਤੋਂ ਪਾਰਾ ਹੋ ਜਾਂਦਾ ਏ ਜਿਸ

ਕਰਕੇ ਬੱਚਿਆਂ ਨੂੰ ਤੇਜ਼ ਧੁੱਪ ਦੌਰਾਨ ਘਰੇ ਜਾਣਾ ਸਭ ਤੋਂ ਵੱਧ ਔਖਾ ਏ। ਉਨ੍ਹਾਂ ਕਿਹਾ ਕਿ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਛੋਟੇ ਬੱਚੇ ਇਸ ਗਰਮੀ ਦਾ ਸਭ ਤੋਂ ਵੱਧ ਸ਼ਿਕਾਰ ਹੋਣ ਲੱਗੇ ਨੇ।

-----------------------------------------------------------

ਪੰਜਾਬ ਵਿੱਚ ਗਰਮੀ ਦਾ ਕਹਿਰ ਦਿਨੋਂ ਦਿਨ ਵੱਧ ਰਿਹਾ ਏ। ਮੌਸਮ ਵਿਭਾਗ ਨੇ ਵੀ ਲੂ ਸੰਬੰਧੀ ਯੈਲੋ ਤੇ ਓਰੇਂਜ ਅਲਰਟ ਜਾਰੀ ਕੀਤਾ ਏ। ਮੌਸਮ ਮਾਹਰਾਂ ਮੁਤਾਬਕ 40 ਡਿਗਰੀ ਤੋਂ ਵੱਧ ਤਾਪਮਾਨ ਹੋਣ ਤੇ ਲੂ ਵਰਗੀ ਸਥਿਤੀ ਬਣ ਜਾਂਦੀ ਏ। ਲੂ ਦੇ ਹਾਲਾਤ ਨੂੰ ਵੇਖਦਿਆਂ ਲੋਕਾਂ ਨੂੰ ਪੂਰੀ ਸਾਵਧਾਨੀ ਵਰਤਣ ਅਤੇ ਜਰੂਰੀ ਹੋਣ ਤੇ ਹੀ ਘਰੋਂ ਬਾਹਰ ਨਿਕਲਣ ਦੀ ਸਲਾਹ ਦਿੱਤੀ ਗਈ ਏ। ਇਸਦੇ ਨਾਲ ਹੀ ਪਾਣੀ ਜਾਂ ਓ ਆਰ ਐਸ ਘੋਲ ਦਾ ਸੇਵਨ ਲਗਾਤਾਰ ਕਰਦੇ ਲਈ ਆਖਿਆ ਗਿਆ ਏ।

**ਹੋਰ ਵੇਰਵੇ ਨਾਲ ਇਹ ਰਿਪੋਰਟ:**

***ਡਿਸਪੈਚ: ਸੂਬੇ ਵਿਚ ਇਸ ਵਾਰ ਲਗਾਤਾਰ ਵੱਧ ਰਿਹਾ ਤਾਪਮਾਨ ਕਈ ਰਿਕਾਰਡ ਤੋੜੇਗਾ। ਮੌਸਮ ਦੇ ਗਰਮ ਹੁੰਦੇ ਤੇਵਰਾਂ ਤੋਂ ਤਾਂ ਕੁਝ ਅਜਿਹਾ ਹੀ ਜਾਪਦਾ ਏ। ਜੇਕਰ ਬੀਤੇ ਕਲ ਦੀ ਗੱਲ ਕਰੀਏ ਤਾਂ ਸੂਬੇ***

ਦੇ ਜ਼ਿਆਦਾਤਰ ਸ਼ਹਿਰ 40 ਡਿਗਰੀ ਸੈਲਸੀਅਸ ਤੋਂ ਵੱਧ ਤਾਪਮਾਨ ਨਾਲ ਭੱਠੀ ਵਾਂਗ ਤਪਦੇ ਰਹੇ। 44 ਡਿਗਰੀ ਸੈਲਸੀਅਸ ਤਾਪਮਾਨ ਨਾਲ ਬਠਿੰਡਾ ਸੂਬੇ ਵਿਚ ਸਬ ਤੋਂ ਗਰਮ ਸ਼ਹਿਰ ਰਿਹਾ ਜਦਕਿ ਫਰੀਦਕੋਟ ਦਾ ਤਾਪਮਾਨ 43 ਅਸ਼ਰੀਆਂ 5 ਤੇ ਫਿਰੋਜ਼ਪੁਰ ਦਾ 43 ਅਸ਼ਰੀਆਂ 3 ਦਰਜ਼ ਕੀਤਾ ਗਿਆ। ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਪਠਾਨਕੋਟ, ਗੁਰਦਾਸਪੁਰ, ਬਰਨਾਲਾ ਅਤੇ ਜਲੰਧਰ ਅਜਿਹੇ ਸ਼ਹਿਰ ਰਹੇ ਜਿਥੇ ਇਹ ਤਾਪਮਾਨ 42 ਡਿਗਰੀ ਸੈਲਸੀਅਸ ਤੋਂ ਵੱਧ ਦਰਜ਼ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ 20 ਮਈ ਤਕ ਅਤ ਦੀ ਇਸ ਗਰਮੀ ਤੋਂ ਰਾਹਤ ਮਿਲਣ ਦੇ ਕੋਈ ਆਸਾਰ ਨਹੀਂ ਨੇ। ਗਰਮੀ ਨਾਲ ਸੜਕਾਂ ਤੇ ਆਵਾਜਾਈ ਤੇ ਵੀ ਕਾਫੀ ਅਸਰ ਪੈ ਰਿਹਾ ਏ। ਸਕੂਲ ਜਾਣ ਵਾਲੇ ਬੱਚੇ ਖ਼ਾਸਤੌਰ ਤੇ ਪਰੇਸ਼ਾਨ ਨੇ ਕਿਓਂਕਿ ਦੁਪਹਿਰ ਵੇਲੇ ਛੁੱਟੀ ਹੋਣ ਤੇ ਘਰ ਵਾਪਸੀ ਸਮੇਂ ਗਰਮੀ ਦੀ ਸਖਤ ਮਾਰ ਝੱਲਣੀ ਪੈ ਰਹੀ ਏ। 18 ਤੋਂ 20 ਮਈ ਤਕ ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ ਅਤੇ ਮਾਨਸਾ

***ਜ਼ਿਲਿਆਂ ਵਿਚ ਓਰੇਂਜ ਜਦਕਿ ਹੋਰਨਾਂ ਜ਼ਿਲਿਆਂ ਵਿਚ ਹੀਟ ਵੇਵ ਯਾਨੀ ਲੂ ਸੰਬੰਧੀ ਯੈਲੋ ਅਲਰਟ ਜਾਰੀ ਕੀਤਾ ਗਿਆ ਏ । ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ***

----------------------------------------------------

ਏਧਰ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਵਿਚ ਖੇਤਾਂ ਵਿਚ ਹੀ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਜਾਰੀ ਨੇ । ਸਰਕਾਰੀ ਅੰਕੜਿਆਂ ਅਨੁਸਾਰ ਕਲ ਨਾੜ ਸਾੜਨ ਦੇ ਕੁਲ 143 ਮਾਮਲੇ ਸਾਹਮਣੇ ਆਏ ਜਿਸ ਨਾਲ ਸੂਬੇ ਵਿਚ ਹੁਣ ਤਕ ਅੱਗ ਲਗਾਉਣ ਦੇ ਮਾਮਲਿਆਂ ਦੀ ਕੁਲ ਗਿਣਤੀ 8 ਹਜ਼ਾਰ 500 ਹੋ ਗਈ ਏ । ਬੀਤੇ ਕਲ ਨਾੜ ਸਾੜਨ ਦੀਆਂ ਸਬ ਤੋਂ ਵੱਧ ਘਟਨਾਵਾਂ ਅੰਮ੍ਰਿਤਸਰ ਜ਼ਿਲੇ ਵਿਚ 24 ਦਰਜ਼ ਕੀਤੀਆਂ ਗਈਆਂ ਜਦਕਿ ਗੁਰਦਾਸਪੁਰ ਵਿਚ 17 ਅਤੇ ਤਰਨਤਾਰਨ ਵਿਚ 12 ਥਾਂਵਾਂ ਤੇ ਖੇਤਾਂ ਵਿਚ ਹੀ ਨਾੜ ਨੂੰ ਅੱਗ ਲਗਾਈ ਗਈ ।